# ਬੀ ਸੀ ਫਾਰਮਾਕੇਅਰ

## ਇੰਸੁਲਿਨ ਪੰਪਾਂ ਦੀ ਫਾਰਮਾਕੇਅਰ ਕਵਰੇਜ

ਫਾਰਮਾਕੇਅਰ ਟਾਈਪ 1 ਸ਼ੂਗਰ (ਡਾਇਬਟੀਜ਼) ਦੇ ਮਰੀਜ਼ ਯੋਗ ਵਿਅਕਤੀਆਂ ਜਾਂ ਇੰਸੁਲਿਨ ਦੀ ਲੋੜ ਵਾਲੇ ਸ਼ੂਗਰ ਦੇ ਹੋਰ ਰੂਪਾਂ ਵਾਲੇ ਵਿਅਕਤੀਆਂ, ਲਈ ਇੰਸੁਲਿਨ ਪੰਪਾਂ ਨੂੰ ਕਵਰ ਕਰਦਾ ਹੈ।

### ਕੌਣ ਕਵਰੇਜ ਲੈ ਸਕਦਾ ਹੈ

ਇੰਸੁਲਿਨ ਪੰਪ ਕਵਰੇਜ ਉਹਨਾਂ ਲੋਕਾਂ ਲਈ ਉਪਲਬਧ ਹੈ ਜੋ ਹੇਠਾਂ ਦਿੱਤੇ ਸਾਰੇ ਮਾਪਦੰਡਾਂ ਨੂੰ ਪੂਰਾ ਕਰਦੇ ਹੋਣ:

- ਟਾਈਪ 1 ਸ਼ੂਗਰ ਜਾਂ ਕਿਸੇ ਹੋਰ ਕਿਸਮ ਦੀ ਸ਼ੂਗਰ ਦੇ ਮਰੀਜ਼ ਹਨ ਜਿਸ ਲਈ ਇੰਸੁਲਿਨ ਦੀ ਲੋੜ ਹੁੰਦੀ ਹੈ
- ਉਹਨਾਂ ਕੋਲ ਫੇਅਰ ਫਾਰਮਾਕੇਅਰ ਪਲੈਨ ਸੀ (ਆਮਦਨ ਸਹਾਇਤਾ), ਪਲੈਨ ਐੱਫ (ਚਿਲਡਰਨ ਇਨ ਦੀ ਐਟ ਹੋਮ ਪ੍ਰੋਗਰਾਮ) ਜਾਂ ਪਲੈਨ ਡਬਲਯੂ (ਫਸਟ ਨੇਸ਼ਨਜ਼ ਹੈਲਥ ਬੈਨੀਫਿਟਸ) ਦੇ ਅਧੀਨ ਕਵਰੇਜ ਹੈ
- ਉਨ੍ਹਾਂ ਦੇ ਐਂਡੋਕਰੀਨੋਲੋਜਿਸਟ ਜਾਂ ਸ਼ੂਗਰ ਦੇ ਮਾਹਰ ਨੇ ਪੁਸ਼ਟੀ ਕੀਤੀ ਹੈ ਕਿ ਉਹ ਡਾਕਟਰੀ ਮਾਪਦੰਡਾਂ 'ਤੇ ਪੂਰਾ ਉਤਰਦੇ ਹਨ
- ਉਨ੍ਹਾਂ ਦੇ ਮਾਹਰ ਦੀ ਬੇਨਤੀ ਨੂੰ ਵਿਸ਼ੇਸ਼ ਅਥਾਰਟੀ ਕਵਰੇਜ ਲਈ ਮਨਜ਼ੂਰੀ ਮਿਲੀ ਹੈ

ਜੇ ਤੁਹਾਡੇ ਕੋਲ ਫੇਅਰ ਫਾਰਮਾਕੇਅਰ ਕਵਰੇਜ ਨਹੀਂ ਹੈ, ਤਾਂ ਤੁਸੀਂ gov.bc.ca/ahdc 'ਤੇ ਰਜਿਸਟਰ ਕਰ ਸਕਦੇ ਹੋ।

### ਕਵਰੇਜ ਕਿਵੇਂ ਪ੍ਰਾਪਤ ਕਰਨੀ ਹੈ

ਆਪਣੇ ਐਂਡੋਕਰੀਨੋਲੋਜਿਸਟ ਜਾਂ ਸ਼ੂਗਰ ਦੇ ਮਾਹਰ ਨਾਲ ਗੱਲ ਕਰੋ। ਜੇ ਤੁਸੀਂ ਡਾਕਟਰੀ ਮਾਪਦੰਡਾਂ ਨੂੰ ਪੂਰਾ ਕਰਦੇ ਹੋ, ਤਾਂ ਉਹ ਵਿਸ਼ੇਸ਼ ਅਥਾਰਟੀ ਕਵਰੇਜ ਲਈ ਫਾਰਮਾਕੇਅਰ ਨੂੰ ਬੇਨਤੀ ਕਰਨਗੇ। ਜੇ ਬੇਨਤੀ ਮਨਜ਼ੂਰ ਹੋ ਜਾਂਦੀ ਹੈ, ਤਾਂ ਤੁਹਾਡਾ ਮਾਹਰ ਤੁਹਾਨੂੰ ਪ੍ਰਵਾਨਗੀ ਪੱਤਰ ਦੀ ਇੱਕ ਕਾਪੀ ਦੇਵੇਗਾ। ਜਦੋਂ ਤੁਸੀਂ ਆਪਣਾ ਪੰਪ ਖਰੀਦਦੇ ਹੋ ਤਾਂ ਪੰਪ ਬਣਾਉਣ ਵਾਲਿਆਂ ਨੂੰ ਉਹ ਪੱਤਰ ਦਿਓ। ਆਪਣਾ ਪੰਪ ਖਰੀਦਣ ਤੋਂ ਪਹਿਲਾਂ ਚਿੱਠੀ ਦੀ ਉਡੀਕ ਕਰੋ। ਫਾਰਮਾਕੇਅਰ ਪ੍ਰਵਾਨਗੀ ਦੀ ਪੁਸ਼ਟੀ ਹੋਣ ਤੋਂ ਪਹਿਲਾਂ ਕੀਤੀਆਂ ਖਰੀਦਾਂ ਨੂੰ ਕਵਰ ਨਹੀਂ ਕਰ ਸਕਦਾ ਹੈ।

### ਉਹ ਪੰਪ ਜੋ ਫਾਰਮਾਕੇਅਰ ਕਵਰ ਕਰਦਾ ਹੈ

ਫਾਰਮਾਕੇਅਰ ਓਮਨੀਪੌਡ ਇੰਸੁਲਿਨ ਮੈਨੇਜਮੈਂਟ ਸਿਸਟਮ (ਇਨਸੁਲੇਟ), ਜਾਂ ਵਾਈਪੀਸੋਪੰਪ (ਵਾਈਪੀਸੋਮਡ) (Ypsomed)* ਲਈ ਕਵਰੇਜ ਪ੍ਰਦਾਨ ਕਰਦਾ ਹੈ। ਜੇ ਤੁਹਾਡਾ ਐਂਡੋਕਰੀਨੋਲੋਜਿਸਟ ਜਾਂ ਸ਼ੂਗਰ ਮਾਹਰ ਇਹ ਫੈਸਲਾ ਕਰੇ ਕਿ ਇਹ ਸਿਸਟਮ ਡਾਕਟਰੀ ਤੌਰ 'ਤੇ ਤੁਹਾਡੇ ਲਈ ਅਢੁੱਕਵੇਂ ਹਨ ਤਾਂ ਤੁਹਾਨੂੰ ਮਿਨੀਮਿੱਡ (MiniMed) ਇੰਸੁਲਿਨ ਪੰਪ ਸਿਸਟਮ (Medtronic) ਲਈ ਖਾਸ ਕਵਰੇਜ ਪ੍ਰਦਾਨ ਕੀਤੀ ਜਾ ਸਕਦੀ ਹੈ।

### ਫਾਰਮਾਕੇਅਰ ਕਿੰਨਾ ਕਵਰ ਕਰਦਾ ਹੈ

ਤੁਹਾਡੀ ਫਾਰਮਾਕੇਅਰ ਪਲੈਨ ਜਾਂ ਤੁਹਾਡੇ ਕੋਲ ਭਾਵੇਂ ਕੋਈ ਵੀ ਡੀਡੱਕਟੀਵਲ ਹੋਵੇ ਦੀ ਪਰਵਾਹ ਕੀਤੇ ਬਿਨਾਂ ਓਮਨੀਪੌਡ ਸਿਸਟਮ ਦਾ ਨਿੱਜੀ ਸ਼ੂਗਰ ਮੈਨੇਜਰ ਬਿਨਾਂ ਕਿਸੇ ਕੀਮਤ 'ਤੇ ਉਪਲਬਧ ਹੈ। ਵਾਈਪੀਸੋਮਡ (Ypsomed)* ਸਟਾਰਟਰ ਕਿੱਟ $800 ਦੀ ਲਾਗਤ ਨਾਲ ਸਪਲਾਈ ਕੀਤੀ ਜਾਂਦੀ ਹੈ, ਜੋ ਤੁਹਾਡੇ ਫੇਅਰ ਫਾਰਮਾਕੇਅਰ ਡੀਡੱਕਟੀਵਲ /ਪਰਿਵਾਰ ਮੈਕਸੀਮੱਮ ਨਾਲ ਜੋੜ ਦਿੱਤੀ ਜਾਂਦੀ ਹੈ।

ਓਮਨੀਪੌਡ ਪੌਡਸ ਅਤੇ ਵਾਈਪੀਸੋਮਡ ਦੇ ਇਨਫਿਊਜ਼ਨ ਸੈੱਟ ਅਤੇ ਸਪਲਾਈਆਂ ਹੇਠ ਲਿਖੇ ਅਨੁਸਾਰ ਕਵਰ ਕੀਤੇ ਜਾਂਦੇ ਹਨ:

- ਫੇਅਰ ਫਾਰਮਾਕੇਅਰ ਦੇ ਤਹਿਤ, ਤੁਸੀਂ ਇੰਸੁਲਿਨ ਪੰਪ ਦੀਆਂ ਸਪਲਾਈਆਂ ਲਈ ਉਦੋਂ ਤੱਕ ਭੁਗਤਾਨ ਕਰਦੇ ਹੋ ਜਦੋਂ ਤੱਕ ਤੁਸੀਂ ਆਪਣੀ ਡੀਡੱਕਟੀਵਲ ਰਕਮ ਨੂੰ ਪੂਰਾ ਨਹੀਂ ਕਰਦੇ, ਫਿਰ ਲਾਗਤ ਦਾ 70 ਪ੍ਰਤੀਸ਼ਤ ਜਦੋਂ ਤੱਕ ਤੁਸੀਂ ਆਪਣੇ ਪਰਿਵਾਰਕ ਮੈਕਸੀਮੱਮ ਨੂੰ ਪੂਰਾ ਨਹੀਂ ਕਰਦੇ ਹੋ। ਫੇਰ ਫਾਰਮਾਕੇਅਰ ਫਿਰ 100 ਪ੍ਰਤੀਸ਼ਤ ਲਾਗਤਾਂ ਨੂੰ ਕਵਰ ਕਰਦਾ ਹੈ
- ਜੇ ਤੁਸੀਂ ਪਲੈਨ ਸੀ (ਬੀ ਸੀ ਆਮਦਨ ਸਹਾਇਤਾ), ਪਲੈਨ ਐੱਫ (ਚਿਲਡਰਨ ਇਨ ਦੀ ਐਟ ਹੋਮ ਪ੍ਰੋਗਰਾਮ) ਜਾਂ ਪਲੈਨ ਡਬਲਯੂ (ਫਸਟ ਨੇਸ਼ਨਜ਼ ਹੈਲਥ ਬੈਨੀਫਿਟਸ) ਦੇ ਅਧੀਨ ਕਵਰ ਹੋ ਤਾਂ ਫਾਰਮਾਕੇਅਰ ਲਾਗਤ ਦਾ 100 ਪ੍ਰਤੀਸ਼ਤ ਕਵਰ ਕਰਦੀ ਹੈ

ਜੇ ਤੁਹਾਨੂੰ ਮਿਨੀਮਿੱਡ ਪੰਪ ਲਈ ਖਾਸ ਕਵਰੇਜ ਦੀ ਮਨਜ਼ੂਰੀ ਮਿਲੀ ਹੈ:

- ਫੇਅਰ ਫਾਰਮਾਕੇਅਰ ਦੇ ਤਹਿਤ, ਤੁਸੀਂ ਇੰਸੁਲਿਨ ਪੰਪ ਦੀ ਸਪਲਾਈਆਂ ਲਈ ਉਦੋਂ ਤੱਕ ਭੁਗਤਾਨ ਕਰਦੇ ਹੋ ਜਦੋਂ ਤੱਕ ਤੁਸੀਂ ਆਪਣੀ ਡੀਡੱਕਟੀਵਲ ਰਕਮ ਨੂੰ ਪੂਰਾ ਨਹੀਂ ਕਰਦੇ, ਫਿਰ ਲਾਗਤ ਦਾ 70 ਪ੍ਰਤੀਸ਼ਤ ਜਦੋਂ ਤੱਕ ਤੁਸੀਂ ਆਪਣੇ ਪਰਿਵਾਰਕ ਮੈਕਸੀਮੱਮ ਨੂੰ ਪੂਰਾ ਨਹੀਂ ਕਰਦੇ ਹੋ। ਫੇਰ ਫਾਰਮਾਕੇਅਰ ਫਿਰ 100 ਪ੍ਰਤੀਸ਼ਤ ਲਾਗਤਾਂ ਨੂੰ ਕਵਰ ਕਰਦਾ ਹੈ
- ਜੇ ਤੁਸੀਂ ਪਲੈਨ ਸੀ (ਬੀ ਸੀ ਆਮਦਨ ਸਹਾਇਤਾ), ਪਲੈਨ ਐੱਫ (ਚਿਲਡਰਨ ਇਨ ਦੀ ਐਟ ਹੋਮ ਪ੍ਰੋਗਰਾਮ) ਜਾਂ ਪਲੈਨ ਡਬਲਯੂ (ਫਸਟ ਨੇਸ਼ਨਜ਼ ਹੈਲਥ ਬੈਨੀਫਿਟਸ) ਦੇ ਅਧੀਨ ਕਵਰ ਹੋ ਤਾਂ ਫਾਰਮਾਕੇਅਰ ਲਾਗਤ ਦਾ 100 ਪ੍ਰਤੀਸ਼ਤ ਕਵਰ ਕਰਦੀ ਹੈ

* ਵਾਈਪੀਸੋਮਡ ਪੰਪਾਂ ਦੀ ਉਪਲਬਤਾ ਸੀਮਤ ਹੁੰਦੀ ਹੈ।

## ਇੰਸੁਲਿਨ ਪੰਪ ਕਿੱਥੋਂ ਖਰੀਦਣਾ ਹੈ

ਬੀ ਸੀ ਵਿੱਚ ਇਹਨਾਂ ਫਾਰਮਾਕੇਅਰ-ਪ੍ਰਵਾਨਿਤ ਵਿਕਰੇਤਾਵਾਂ ਵਿੱਚੋਂ ਇੱਕ ਤੋਂ ਆਪਣਾ ਇੰਸੁਲਿਨ ਪੰਪ ਖਰੀਦੋ:

- ਇਨਸੁਲੇਟ ਕੈਨੇਡਾ ਕਾਰਪੋਰੇਸ਼ਨ
- ਮੈਡਟ੍ਰੋਨਿਕ ਆਫ ਕੈਨੇਡਾ ਲਿਮਿਟੇਡ
- ਵਾਈਪੀਸੋਮਡ ਏ ਜੀ (Ypsomed AG)

## ਫਾਰਮਾਕੇਅਰ ਨਵੇਂ ਪੰਪ ਨੂੰ ਕਿੰਨੀ ਵਾਰ ਕਵਰ ਕਰੇਗਾ

ਫਾਰਮਾਕੇਅਰ ਹਰ 5 ਸਾਲਾਂ ਵਿੱਚ ਇੱਕ ਇੰਸੁਲਿਨ ਪੰਪ ਨੂੰ ਕਵਰ ਕਰਦਾ ਹੈ ਅਤੇ ਮੁਰੰਮਤਾਂ ਨੂੰ ਕਵਰ ਨਹੀਂ ਕਰਦਾ ਹੈ। ਹਰੇਕ ਯੰਤਰ ’ਤੇ ਨਿਰਮਾਤਾ ਦੀ 5-ਸਾਲ ਦੀ ਵਾਰੰਟੀ ਹੁੰਦੀ ਹੈ। ਤੁਸੀਂ ਇਹ ਦੇਖਣਾ ਚਾਹ ਸਕਦੇ ਹੋ ਕਿ ਕੀ ਤੁਹਾਡੇ ਘਰ ਦਾ ਇੰਸ਼ੋਰੈਂਸ ਪੰਪ ਨੂੰ ਹੋਣ ਵਾਲੇ ਕਿਸੇ ਨੁਕਸਾਨ ਨੂੰ ਕਵਰ ਕਰਦਾ ਹੈ ਜੋ ਨਿਰਮਾਤਾ ਦੀ ਵਾਰੰਟੀ ਦੇ ਅਧੀਨ ਨਾ ਆਉਂਦਾ ਹੋਵੇ।

## ਜੇ ਤੁਹਾਡਾ ਪੰਪ 5 ਸਾਲ ਦੀ ਮਿਆਦ ਤੋਂ ਬਾਅਦ ਕੰਮ ਕਰਨਾ ਬੰਦ ਕਰ ਦੇਵੇ

ਜੇ ਫਾਰਮਾਕੇਅਰ ਵਲੋਂ ਕਵਰ ਕੀਤਾ ਹਾਡਾ ਪੰਪ 5 ਸਾਲ ਤੋਂ ਵੱਧ ਪੁਰਾਣਾ ਹੈ ਅਤੇ ਮੁਰੰਮਤਯੋਗ ਨਹੀਂ ਰਿਹਾ, ਤਾਂ ਨਿਰਮਾਤਾ ਨਾਲ ਸੰਪਰਕ ਕਰੋ। ਉਨ੍ਹਾਂ ਤੋਂ ਵਾਰੰਟੀ ਦੀ ਮਿਆਦ ਪੁੱਗਣ ਦੀ ਮਿਤੀ ਦੀ ਪੁਸ਼ਟੀ ਕਰਨ ਵਾਲੇ ਪੱਤਰ ਦੀ ਮੰਗ ਕਰੋ। ਉਹ ਪੱਤਰ ਆਪਣੇ ਐਂਡੋਕਰੀਨੋਲੋਜਿਸਟ/ਸ਼ੂਗਰ ਮਾਹਰ ਕੋਲ ਲੈ ਜਾਓ। ਉਹ ਇਸ ਨੂੰ ਫਾਰਮਾਕੇਅਰ ਇੰਸੁਲਿਨ ਪੰਪ ਕਵਰੇਜ ਲਈ ਕਰਨ ਵਾਲੀ ਨਵੀਂ ਬੇਨਤੀ ਵਿੱਚ ਸ਼ਾਮਲ ਕਰਨਗੇ।

## ਜੇ ਤੁਹਾਡੇ ਕੋਲ ਪਹਿਲਾਂ ਹੀ ਇੰਸੁਲਿਨ ਪੰਪ ਹੈ ਜੋ ਫਾਰਮਾਕੇਅਰ ਦੁਆਰਾ ਕਵਰ ਨਹੀਂ

ਜੇ ਤੁਸੀਂ ਫਾਰਮਾਕੇਅਰ ਇੰਸੁਲਿਨ ਪੰਪ ਕਵਰੇਜ ਦੇ ਮਾਪਦੰਡਾਂ ’ਤੇ ਪੂਰੇ ਉਤਰਦੇ ਹੋ, ਤੁਹਾਡਾ ਪੰਪ 4 ਜਾਂ ਵੱਧ ਸਾਲ ਪੁਰਾਣਾ ਹੈ, ਅਤੇ ਨਿਰਮਾਤਾ ਦੀ ਵਾਰੰਟੀ ਦੀ ਮਿਆਦ ਪੁੱਗ ਗਈ ਹੈ ਤਾਂ ਫਾਰਮਾਕੇਅਰ ਕਵਰੇਜ ਉਪਲਬਧ ਹੈ। ਪੰਪ ਬਣਾਉਣ ਵਾਲਿਆਂ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਤੋਂ ਵਾਰੰਟੀ ਦੀ ਮਿਆਦ ਪੁੱਗਣ ਦੀ ਮਿਤੀ ਦੀ ਪੁਸ਼ਟੀ ਕਰਨ ਵਾਲੇ ਪੱਤਰ ਦੀ ਮੰਗ ਕਰੋ। ਉਹ ਪੱਤਰ ਆਪਣੇ ਐਂਡੋਕਰੀਨੋਲੋਜਿਸਟ/ਸ਼ੂਗਰ ਮਾਹਰ ਕੋਲ ਲੈ ਜਾਓ। ਉਹ ਇਸ ਨੂੰ ਫਾਰਮਾਕੇਅਰ ਇੰਸੁਲਿਨ ਪੰਪ ਕਵਰੇਜ ਲਈ ਕਰਨ ਵਾਲੀ ਨਵੀਂ ਬੇਨਤੀ ਵਿੱਚ ਸ਼ਾਮਲ ਕਰਨਗੇ।

## ਇੰਸੁਲਿਨ ਪੰਪ ਸਪਲਾਈਆਂ

ਫਾਰਮਾਕੇਅਰ ਕੁਝ ਇੰਸੁਲਿਨ ਪੰਪ ਸਪਲਾਈਆਂ ਨੂੰ ਕਵਰ ਕਰਦਾ ਹੈ ਜੇ ਤੁਸੀਂ ਫੇਅਰ ਫਾਰਮਾਕੇਅਰ, ਪਲੈਨ ਸੀ (ਬੀ ਸੀ ਆਮਦਨ ਸਹਾਇਤਾ), ਪਲੈਨ ਐੱਫ (ਐਟ ਹੋਮ ਪ੍ਰੋਗਰਾਮ) ਜਾਂ ਪਲੈਨ ਡਬਲਯੂ (ਫਸਟ ਨੇਸ਼ਨਜ਼ ਹੈਲਥ ਬੈਨੀਫਿਟਸ) ਦੇ ਅਧੀਨ ਕਵਰ ਹੋ।

ਇਹ ਕਵਰੇਜ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਉਪਲਬਧ ਹੈ ਕਿ ਤੁਹਾਡਾ ਪੰਪ ਫਾਰਮਾਕੇਅਰ ਅਧੀਨ ਕਵਰ ਸੀ ਜਾਂ ਨਹੀਂ। ਇੰਸੁਲਿਨ ਪੰਪ ਦੀਆਂ ਸਪਲਾਈਆਂ ਵਾਸਤੇ ਫਾਰਮਾਕੇਅਰ ਪੂਰਵ-ਪ੍ਰਵਾਨਗੀ ਦੀ ਲੋੜ ਨਹੀਂ।

ਕਵਰੇਜ ਦੇ ਯੋਗ ਹੋਣ ਲਈ, ਸਪਲਾਈਆਂ ਪੰਪ ਨਿਰਮਾਤਾ ਜਾਂ ਫਾਰਮੇਸੀ ਤੋਂ ਖਰੀਦੀਆਂ ਜਾਣੀਆਂ ਚਾਹੀਦੀਆਂ ਹਨ। ਉਹ ਫਾਰਮਾਨੈੱਟ ਰਾਹੀਂ ਇਸ ਦਾ ਕਲੇਮ ਦਾਖਲ ਕਰਨਗੇ। ਫਾਰਮਾਕੇਅਰ ਇੰਸੁਲਿਨ ਪੰਪ ਦੀਆਂ ਸਪਲਾਈਆਂ ਲਈ ਪੇਪਰ ਕਲੇਮ ਸਵੀਕਾਰ ਨਹੀਂ ਕਰ ਸਕਦੀ।

ਫਾਰਮਾਕੇਅਰ ਖਾਸ ਇਨਫਿਊਜ਼ਨ ਸੈੱਟ/ਕਿੱਟਾਂ ਅਤੇ ਇੰਸੁਲਿਨ ਪੰਪ ਰਿਜ਼ਰਵਿਅਰਜ਼/ਕਾਰਟਰਿਜਸ ਨੂੰ ਕਵਰ ਕਰਦਾ ਹੈ। ਫਾਰਮਾਕੇਅਰ ਬੈਟਰੀਆਂ, ਬੈਟਰੀ ਕੈਪਸ, ਚਿਪਕਣ ਵਾਲੇ ਪੈਡ, ਆਦਿ ਕਵਰ ਨਹੀਂ ਕਰਦਾ।

## ਹੋਰ ਜਾਣਕਾਰੀ

ਵਧੇਰੇ ਜਾਣਕਾਰੀ ਲਈ, ਆਪਣੇ ਐਂਡੋਕਰੀਨੋਲੋਜਿਸਟ ਜਾਂ ਸ਼ੂਗਰ ਮਾਹਰ ਨਾਲ ਗੱਲ ਕਰੋ ਜਾਂ ਫਾਰਮਾਕੇਅਰ ਨਾਲ ਸੰਪਰਕ ਕਰੋ:
ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਅਤੇ ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ

- ਲੋਅਰ ਮੇਨਲੈਂਡ ਤੋਂ: 604-683-7151
- ਬਾਕੀ ਬੀ.ਸੀ. ਤੋਂ, ਟੋਲ-ਫ੍ਰੀ: 1-800-663-7100

## ਆਨਲਾਈਨ ਸਰੋਤ

- ਫੇਅਰ ਫਾਰਮਾਕੇਅਰ ਲਈ ਰਜਿਸਟਰ ਹੋਵੋ gov.bc.ca/ahdc